ਪਾਠ-10

# ਪਰਿਵਾਰ ਅਤੇ ਜਾਨਵਰ

ਨੂਰਾਂ ਦੇ ਘਰ ਵਿੱਚ ਉਸਦਾ ਛੋਟਾ ਭਰਾ, ਮਾਤਾ-ਪਿਤਾ ਅਤੇ ਦਾਦਾ-ਦਾਦੀ ਜੀ ਰਹਿੰਦੇ ਹਨ। ਉਹਨਾਂ ਨੇ ਘਰ ਵਿੱਚ ਕੁੱਝ ਪਾਲਤੂ ਜਾਨਵਰ ਵੀ ਰੱਖੇ ਹੋਏ ਹਨ।

ਉਸਦੇ ਪਰਿਵਾਰ ਦੇ ਮੈਂਬਰ ਇੱਕੋ ਜਿਹਾ ਭੋਜਨ ਨਹੀਂ ਖਾਂਦੇ। ਉਹ ਸਾਰੇ ਆਪਣੀ ਉਮਰ, ਕੰਮ ਅਤੇ ਸਰੀਰਕ ਲੋੜਾਂ ਦੇ ਅਨੁਸਾਰ ਹੀ ਭੋਜਨ ਖਾਂਦੇ ਹਨ।

ਉਸਦੇ ਦਾਦਾ ਅਤੇ ਦਾਦੀ ਜੀ ਬਜ਼ੁਰਗ ਹਨ। ਉਮਰ ਜ਼ਿਆਦਾ ਹੋਣ ਕਾਰਨ ਉਹ ਖੇਤੀ-ਬਾੜੀ ਅਤੇ ਪਸ਼ੂਆਂ ਦੀ ਦੇਖਭਾਲ ਨਹੀਂ ਕਰ ਸਕਦੇ। ਉਨ੍ਹਾਂ ਦੇ ਦੰਦ ਵੀ ਨਹੀਂ ਹਨ ਅਤੇ ਬੈਠੇ ਰਹਿਣ ਕਾਰਨ ਭੋਜਨ ਹਜ਼ਮ ਵੀ ਘੱਟ ਹੁੰਦਾ ਹੈ। ਇਸ ਲਈ ਉਹ ਹਲਕਾ-ਫੁਲਕਾ ਅਤੇ ਘੱਟ ਮਾਤਰਾ ਵਿੱਚ ਹੀ ਭੋਜਨ ਖਾਂਦੇ ਹਨ। ਬਿਮਾਰ ਹੋਣ 'ਤੇ ਉਹ ਗਾਂ ਦਾ ਦੁੱਧ ਪੀਂਦੇ ਅਤੇ ਦਲੀਆ ਜਾਂ ਖਿਚੜੀ ਖਾਂਦੇ ਹਨ।



ਉਸਦੇ ਭਰਾ ਦੀ ਉਮਰ 6 ਮਹੀਨੇ ਹੈ। ਉਹ ਛੋਟਾ ਹੋਣ ਕਾਰਨ ਮਾਤਾ ਜੀ ਦਾ ਦੁੱਧ ਹੀ ਪੀਂਦਾ ਹੈ। ਮਾਂ ਦੇ ਦੁੱਧ ਵਿੱਚ ਛੋਟੇ ਬੱਚਿਆਂ ਦੇ ਸਰੀਰ ਦੇ ਵਧਣ-ਫੁੱਲਣ ਲਈ ਜ਼ਰੂਰੀ ਪੋਸ਼ਕ ਤੱਤ ਮੌਜੂਦ ਹੁੰਦੇ ਹਨ। ਮਾਂ ਦਾ ਦੁੱਧ ਬੱਚੇ ਨੂੰ ਬਿਮਾਰੀਆਂ ਤੋਂ ਬਚਾਉਂਦਾ ਹੈ। ਉਸਦੇ ਮਾਤਾ ਜੀ ਭਰਾ ਦੇ ਵੱਡਾ ਹੋਣ 'ਤੇ ਉਸਨੂੰ ਦੁੱਧ ਦੇ ਨਾਲ਼-ਨਾਲ਼ ਕੇਲਾ, ਦਲੀਆ, ਦਾਲਾਂ, ਸਬਜ਼ੀਆਂ ਦਾ ਪਾਣੀ ਅਤੇ ਉੱਬਲਿਆ ਹੋਇਆ ਆਂਡਾ ਵੀ ਦਿਆ ਕਰਨਗੇ।

ਨੂਰਾਂ ਨੱਚਦੀ-ਟੱਪਦੀ ਰਹਿਣ ਕਾਰਨ ਸਾਰਾ ਦਿਨ ਕੁਝ ਨਾ ਕੁਝ ਖਾਂਦੀ ਰਹਿੰਦੀ ਹੈ। ਘਰ ਵਿੱਚ ਬਣਨ ਵਾਲੇ ਭੋਜਨ ਦੇ ਨਾਲ਼-ਨਾਲ਼ ਉਹ ਬਰਗਰ, ਪੀਜ਼ਾ ਅਤੇ ਬਜਾਰੂ ਖਾਧ-ਪਦਾਰਥ (ਜੰਕ-ਫੂਡ) ਖਾਣ ਦੀ ਵੀ ਬਹੁਤ ਸ਼ੌਕੀਨ ਹੈ। ਜੰਕ-ਫੂਡ ਖਾਣ ਨਾਲ ਉਹ ਕਈ ਵਾਰ ਬਿਮਾਰ ਵੀ ਹੋ ਗਈ ਅਤੇ ਮੋਟੀ ਵੀ ਹੋ ਗਈ ਹੈ। ਉਸਦੇ ਮਾਤਾ ਜੀ ਉਸਨੂੰ ਇਹ ਜੰਕ-ਫੂਡ ਖਾਣ ਤੋਂ ਮਨ੍ਹਾ ਕਰਦੇ ਹਨ।

ਪਿਤਾ ਜੀ ਸਾਰਾ ਦਿਨ ਖੇਤ ਵਿੱਚ ਖੇਤੀ-ਬਾੜੀ ਦਾ ਕੰਮ ਕਰਦੇ ਹਨ। ਇਸ ਲਈ ਉਹ ਪੇਟ ਭਰ ਕੇ ਭੋਜਨ ਖਾਂਦੇ ਹਨ। ਹਰੀਆਂ ਸਬਜ਼ੀਆਂ, ਦਾਲਾਂ, ਸੁੱਕੇ ਮੇਵੇ, ਦੁੱਧ, ਦਹੀਂ, ਘਿਉ ਅਤੇ ਮੱਖਣ ਆਦਿ ਉਹਨਾਂ ਦੀ ਰੋਜ਼ਾਨਾ ਖ਼ੁਰਾਕ ਵਿੱਚ ਸ਼ਾਮਲ ਹੁੰਦੇ ਹਨ।

ਮਾਤਾ ਜੀ ਸਾਰਾ ਦਿਨ ਘਰੇਲੂ ਕੰਮ ਕਰਦੇ ਹਨ। ਉਹ ਉਸਦੇ ਛੋਟੇ ਭਰਾ ਨੂੰ ਦੁੱਧ ਵੀ ਪਿਲਾਉਂਦੇ ਹਨ। ਇਸ ਲਈ ਉਹ ਦੁੱਧ, ਪਨੀਰ ਅਤੇ ਹਰੀਆਂ ਸਬਜ਼ੀਆਂ ਵਾਲਾ ਭੋਜਨ ਖਾਂਦੇ ਹਨ।

ਨੂਰਾਂ ਦੇ ਮਾਤਾ ਜੀ ਅਤੇ ਦਾਦੀ ਜੀ ਮਿਲ-ਜੁਲ ਕੇ ਬਹੁਤ ਸਵਾਦ ਅਤੇ ਪੌਸ਼ਟਿਕ ਖਾਣਾ ਬਣਾਉਂਦੇ ਹਨ। ਉਨ੍ਹਾਂ ਦੇ ਘਰ ਵਿੱਚ ਸਭ ਤੋਂ ਪਹਿਲਾਂ ਦਾਦਾ ਅਤੇ ਦਾਦੀ ਜੀ ਭੋਜਨ ਖਾਂਦੇ ਹਨ। ਨੂਰਾਂ ਦਾਦਾ ਅਤੇ ਦਾਦੀ ਜੀ ਨੂੰ ਖੁਸ਼ੀ-ਖੁਸ਼ੀ ਰੋਟੀ ਖਵਾਉਂਦੀ ਹੈ ਅਤੇ ਜੂਠੇ ਭਾਂਡੇ ਵੀ ਚੁੱਕਦੀ ਹੈ। ਇਸ ਕਰਕੇ ਉਸਦੇ ਘਰ ਦੇ ਮੈਂਬਰ ਉਸਨੂੰ ਬਹੁਤ ਪਿਆਰ ਕਰਦੇ ਹਨ। ਉਨ੍ਹਾਂ ਦੇ ਘਰ ਵਿੱਚ ਸਭ ਤੋਂ ਅਖ਼ੀਰ ਵਿੱਚ ਨੂਰਾਂ ਅਤੇ ਉਸਦੇ ਮਾਤਾ-ਪਿਤਾ ਇਕੱਠੇ ਬੈਠ ਕੇ ਖਾਣਾ ਖਾਂਦੇ ਹਨ। ਉਸਦਾ ਭਰਾ ਦੁੱਧ ਪੀ ਕੇ ਜਲਦੀ ਹੀ ਸੌਂ ਜਾਂਦਾ ਹੈ।

ਖਾਣਾ ਤਿਆਰ ਕਰਨ ਲਈ ਉਸਦੇ ਪਿਤਾ ਜੀ ਸਬਜ਼ੀਆਂ, ਦਾਲਾਂ, ਅਨਾਜ ਖੇਤਾਂ ਵਿੱਚ ਹੀ ਉਗਾ ਲੈਂਦੇ ਹਨ। ਬਨਸਪਤੀ ਘਿਉ, ਤੇਲ, ਨਮਕ ਅਤੇ ਮਸਾਲੇ ਆਦਿ ਬਜ਼ਾਰ ਵਿੱਚੋਂ ਖ਼ਰੀਦ ਲੈਂਦੇ ਹਨ। ਦੁੱਧ ਉਹ ਆਪਣੇ ਪਾਲਤੂ ਪਸ਼ੂਆਂ ਤੋਂ ਪ੍ਰਾਪਤ ਕਰ ਲੈਂਦੇ ਹਨ।

**ਬੱਚਿਓ! ਦੁੱਧ ਇੱਕ ਸੰਪੂਰਨ ਆਹਾਰ ਹੈ।** ਆਪਣੇ ਘਰ ਵਿੱਚ ਸਾਰੇ ਮੈਂਬਰਾਂ ਨੂੰ ਦੁੱਧ ਦੀ ਮਹੱਤਤਾ ਬਾਰੇ ਜ਼ਰੂਰ ਦੱਸੋ।

**1. ਖ਼ਾਲੀ ਥਾਂਵਾਂ ਭਰੋ—**

**(ਮਾਤਾ ਜੀ, ਮੋਟਾਪਾ, ਵੱਖ-ਵੱਖ, ਦੁੱਧ, ਪਿਤਾ ਜੀ)**

(ੳ) .................. ਇੱਕ ਸੰਪੂਰਨ ਖ਼ੁਰਾਕ ਹੈ।

(ਅ) ਸਾਡੇ ਪਰਿਵਾਰ ਦੇ ਸਾਰੇ ਮੈਂਬਰ .................. ਤਰ੍ਹਾਂ ਦਾ ਭੋਜਨ ਪਸੰਦ ਕਰਦੇ ਹਨ।

(ੲ) ..................... ਕੁਝ ਖਾਧ ਪਦਾਰਥ ਖਰੀਦ ਕੇ ਵੀ ਲਿਆਉਂਦੇ ਹਨ।

(ਸ) ਬਰਗਰ ਅਤੇ ਨੂਡਲਜ਼ ਖਾਣ ਨਾਲ਼ ..................... ਹੋ ਜਾਂਦਾ ਹੈ।

(ਹ) ਸਾਡੇ ਘਰ ਵਿੱਚ ..................... ਖਾਣਾ ਬਣਾਉਂਦੇ ਹਨ।

ਪ੍ਰਸ਼ਨ 2. ਹਲਕਾ-ਫੁਲਕਾ ਭੋਜਨ ਕਿਹੜਾ ਹੁੰਦਾ ਹੈ ?

..........................................................................................

..........................................................................................

ਪ੍ਰਸ਼ਨ 3. ਨੂਰਾਂ ਦੇ ਪਿਤਾ ਜੀ ਕਿਹੜਾ-ਕਿਹੜਾ ਖਾਧ ਪਦਾਰਥ ਬਜ਼ਾਰ ਵਿੱਚੋਂ ਲੈ ਕੇ ਆਉਂਦੇ ਹਨ ?

..........................................................................................

..........................................................................................

ਪ੍ਰਸ਼ਨ 4. ਨੂਰਾਂ ਦੇ ਭਰਾ ਨੂੰ ਦੁੱਧ ਦੇ ਨਾਲ਼-ਨਾਲ਼ ਉਸਦੇ ਮਾਤਾ ਜੀ ਕੀ ਖਾਣ ਨੂੰ ਦੇਣਗੇ ?

..........................................................................................

..........................................................................................

## ਪਾਲਤੂ ਪਸ਼ੂਆਂ ਦੀ ਦੇਖਭਾਲ ਅਤੇ ਭੋਜਨ

ਨੂਰਾਂ ਦੇ ਘਰ ਵਿੱਚ ਗਾਂ, ਮੱਝ, ਕੁੱਤਾ, ਬੱਕਰੀ, ਮੁਰਗੀਆਂ, ਬਲਦ ਅਤੇ ਊਠ ਵਰਗੇ ਪਾਲਤੂ ਜਾਨਵਰ ਵੀ ਹਨ। ਉਸਦੇ ਪਿਤਾ ਜੀ ਇਨ੍ਹਾਂ ਜਾਨਵਰਾਂ ਤੋਂ ਖੇਤੀ ਦੇ ਕੰਮ ਵਿੱਚ ਵੀ ਮਦਦ ਲੈਂਦੇ ਹਨ। ਮਾਤਾ ਜੀ ਪਸ਼ੂਆਂ ਤੋਂ ਦੁੱਧ ਅਤੇ ਮੁਰਗੀਆਂ ਤੋਂ ਆਂਡੇ ਪ੍ਰਾਪਤ ਕਰਦੇ ਹਨ। ਉਸਦੇ ਪਿਤਾ ਜੀ ਘੋੜੇ ਰੱਖਣ ਦੇ ਵੀ ਸ਼ੌਕੀਨ ਹਨ। ਉਨ੍ਹਾਂ ਦਾ ਡੱਬੂ ਕੁੱਤਾ ਜਾਨਵਰਾਂ ਅਤੇ ਘਰ ਦੀ ਰਖਵਾਲੀ ਕਰਦਾ ਹੈ। ਨੂਰਾਂ ਡੱਬੂ ਨੂੰ ਬਹੁਤ ਪਿਆਰ ਕਰਦੀ ਹੈ।

ਉਸਦੇ ਮਾਤਾ ਅਤੇ ਦਾਦੀ ਜੀ ਵੀ ਇਨ੍ਹਾਂ ਜਾਨਵਰਾਂ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਉਨ੍ਹਾਂ ਦੀ ਹੇਠ ਅਨੁਸਾਰ ਦੇਖਭਾਲ ਕਰਦੇ ਹਨ।

1. ਪਾਲਤੂ ਪਸ਼ੂਆਂ ਨੂੰ ਸਮੇਂ ਸਿਰ ਭੋਜਨ ਦਿੰਦੇ ਹਨ।
2. ਉਨ੍ਹਾਂ ਨੂੰ ਪਾਣੀ ਪਿਆਉਂਦੇ ਅਤੇ ਨਵ੍ਹਾਉਂਦੇ ਹਨ।

3. ਪਸ਼ੂਆਂ ਨੂੰ ਸਰਦੀ ਅਤੇ ਗਰਮੀ ਤੋਂ ਬਚਾਉਣ ਲਈ ਸ਼ੈੱਡ ਹੇਠਾਂ ਰੱਖਦੇ ਹਨ।
4. ਪਸ਼ੂਆਂ ਦੇ ਬਿਮਾਰ ਹੋਣ ਤੇ ਡਾਕਟਰ ਤੋਂ ਇਲਾਜ ਕਰਵਾਉਂਦੇ ਹਨ।
5. ਉਨ੍ਹਾਂ ਨੂੰ ਜੰਗਲੀ ਜਾਨਵਰਾਂ ਤੋਂ ਬਚਾ ਕੇ ਰੱਖਦੇ ਹਨ।





ਚਿੱਤਰ—ਘਰ ਵਿੱਚ ਪਾਲਤੂ ਜਾਨਵਰਾਂ ਦੀ ਦੇਖਭਾਲ

ਨੂਰਾਂ ਦੇ ਪਰਿਵਾਰ ਦੇ ਮੈਂਬਰਾਂ ਵਾਂਗ ਹੀ ਆਲ਼ੇ-ਦੁਆਲ਼ੇ ਦੇ ਜੀਵ-ਜੰਤੂ ਵੀ ਵੱਖਰਾ-ਵੱਖਰਾ ਭੋਜਨ ਖਾਂਦੇ ਹਨ। ਇਨ੍ਹਾਂ ਜੰਤੂਆਂ ਦੇ ਨਿਵਾਸ ਸਥਾਨ ਵੀ ਅਲੱਗ-ਅਲੱਗ ਹੁੰਦੇ ਹਨ।

1. ਬਿੱਲੀ ਅਤੇ ਕੁੱਤਾ ਦੁੱਧ ਪੀਂਦੇ ਹਨ ਅਤੇ ਰੋਟੀ ਵੀ ਖਾ ਲੈਂਦੇ ਹਨ। ਇਹ ਕਦੇ-ਕਦੇ ਪੰਛੀਆਂ ਅਤੇ ਚੂਹਿਆਂ ਨੂੰ ਵੀ ਖਾ ਜਾਂਦੇ ਹਨ।
2. ਮੁਰਗੀਆਂ ਦਾਣੇ ਅਤੇ ਛੋਟੇ-ਛੋਟੇ ਕੀੜੇ-ਮਕੌੜੇ ਖਾਂਦੀਆਂ ਹਨ।
3. ਬੱਕਰੀਆਂ ਅਤੇ ਭੇਡਾਂ ਘਾਹ ਅਤੇ ਦਰਖ਼ਤਾਂ ਦੇ ਪੱਤੇ ਖਾਂਦੀਆਂ ਹਨ।
4. ਮੁਰਗੀਆਂ ਖੁੱਡੇ ਵਿੱਚ, ਬੱਕਰੀਆਂ ਅਤੇ ਭੇਡਾਂ ਵਾੜੇ ਵਿੱਚ, ਪਸ਼ੂ ਸ਼ੈੱਡ ਹੇਠਾਂ ਅਤੇ ਘੋੜਾ ਤਬੇਲੇ ਵਿੱਚ ਰਹਿੰਦਾ ਹੈ।
5. ਗਾਂ, ਮੱਝ ਅਤੇ ਬਲਦ ਹਰਾ-ਚਾਰਾ ਖਾਂਦੇ ਹਨ। ਘੋੜਾ ਛੋਲੇ ਅਤੇ ਊਠ ਗੁਆਰੇ ਦੀ ਤੂੜੀ (ਨੀਰਾ) ਖਾਂਦਾ ਹੈ।

## ਜੰਗਲੀ ਜਾਨਵਰ ਅਤੇ ਭੋਜਨ

ਡੱਡੂ, ਕਿਰਲੀ, ਕਾਕਰੋਚ ਅਤੇ ਚੂਹੇ ਆਦਿ ਰਾਤ ਨੂੰ ਬਾਹਰ ਆਉਂਦੇ ਹਨ। ਸੱਪ, ਗਲਹਿਰੀ, ਚਿੜੀਆਂ ਅਤੇ ਬਾਜ ਵਰਗੇ ਜਾਨਵਰ ਭੋਜਨ ਦੀ ਤਲਾਸ਼ ਅਤੇ ਛੁਪਣ ਲਈ ਨੂਰਾਂ ਦੇ ਘਰ ਚੁਪਕੇ ਜਿਹੇ ਆ ਜਾਂਦੇ ਹਨ। ਇਨ੍ਹਾਂ ਨੂੰ ਅਸੀਂ ਪਾਲਤੂ ਨਹੀਂ ਬਣਾ ਸਕਦੇ। ਸ਼ੇਰ, ਚੀਤਾ,

ਅਜਗਰ, ਹਾਥੀ ਅਤੇ ਹਿਰਨ ਆਦਿ ਜੰਗਲਾਂ ਵਿੱਚ ਹੀ ਰਹਿੰਦੇ ਹਨ। ਇਹ ਜੰਗਲੀ ਜਾਨਵਰ ਹੁੰਦੇ ਹਨ। ਇਨ੍ਹਾਂ ਵਿੱਚੋਂ ਕੁੱਝ ਜਾਨਵਰ ਘਾਹ ਅਤੇ ਕੁੱਝ ਮਾਸ ਖਾਂਦੇ ਹਨ। ਇਨ੍ਹਾਂ ਤੋਂ ਕਈ ਵਾਰ ਸਾਨੂੰ ਅਤੇ ਸਾਡੇ ਪਾਲਤੂ ਪਸ਼ੂਆਂ ਨੂੰ ਖ਼ਤਰਾ ਹੋ ਸਕਦਾ ਹੈ।

**ਕਿਰਿਆ-1 : ਹੇਠ ਦਿੱਤੇ ਚਿੱਤਰਾਂ ਦੇ ਹੇਠਾਂ ਜੰਗਲੀ ਜਾਨਵਰਾਂ ਦੇ ਨਾਂ ਲਿਖੋ।**



1. ..........................



2. ..........................



3. ..........................



4. ..........................



## ਯਾਦ ਰੱਖਣ ਯੋਗ ਗੱਲਾਂ

- ਛੋਟੇ ਬੱਚਿਆਂ ਲਈ ਦੁੱਧ ਇੱਕ ਸੰਪੂਰਨ ਖ਼ੁਰਾਕ ਹੈ।
- ਫਾਸਟ ਫੂਡ ਖਾਣ ਨਾਲ਼ ਮੋਟਾਪਾ ਹੋ ਜਾਂਦਾ ਹੈ।
- ਘਰ ਵਿੱਚ ਰੱਖੇ ਜਾਣ ਵਾਲੇ ਜਾਨਵਰਾਂ ਨੂੰ ਪਾਲਤੂ ਜਾਨਵਰ ਕਹਿੰਦੇ ਹਨ।
- ਜੰਗਲੀ ਜਾਨਵਰਾਂ ਨੂੰ ਘਰਾਂ ਵਿੱਚ ਨਹੀਂ ਰੱਖਿਆ ਜਾ ਸਕਦਾ।



5. ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।

(ੳ) ਜਾਨਵਰਾਂ ਨੂੰ ਭੋਜਨ ਅਤੇ ਪਾਣੀ ਦੇਣਾ ਚਾਹੀਦਾ ਹੈ। ☐

(ਅ) ਸ਼ੇਰ ਇੱਕ ਪਾਲਤੂ ਜਾਨਵਰ ਹੈ। ☐

(ੲ) ਕੁੱਤਾ ਇੱਕ ਵਫ਼ਾਦਾਰ ਜਾਨਵਰ ਹੈ। ☐

(ਸ) ਊਠ ਅਤੇ ਬਲਦ ਖੇਤੀ ਦੇ ਕੰਮ ਵਿੱਚ ਕਿਸਾਨ ਦੀ ਮਦਦ ਕਰਦੇ ਹਨ। ☐

(ਹ) ਮੁਰਗੀਆਂ ਤੋਂ ਸਾਨੂੰ ਉੱਨ ਮਿਲਦੀ ਹੈ। ☐

ਪ੍ਰਸ਼ਨ 6. ਕੁੱਝ ਪਾਲਤੂ ਜਾਨਵਰਾਂ ਦੇ ਨਾਂ ਲਿਖੋ।

..........................................................................................

..........................................................................................

ਪ੍ਰਸ਼ਨ 7. ਕੁੱਝ ਜੰਗਲੀ ਜਾਨਵਰਾਂ ਦੇ ਨਾਂ ਲਿਖੋ।

..........................................................................................

..........................................................................................

ਪ੍ਰਸ਼ਨ 8. ਚੂਹਾ ਘਰ ਵਿੱਚ ਕੀ ਖਾਣ ਆਉਂਦਾ ਹੈ ?

..........................................................................................

..........................................................................................

ਪ੍ਰਸ਼ਨ 9. ਸੱਪ ਕਦੇ-ਕਦੇ ਸਾਡੇ ਘਰ ਵਿੱਚ ਕਿਉਂ ਆ ਜਾਂਦੇ ਹਨ ?

..........................................................................................

..........................................................................................



ਜਾਨਵਰਾਂ ਨੂੰ ਪਿਆਰ ਕਰਨਾ ਚਾਹੀਦਾ ਹੈ। ਜੇਕਰ ਕਿਸੇ ਜਾਨਵਰ ਨੂੰ ਤੁਸੀਂ ਤੰਗ ਕਰੋਗੇ, ਉਹ ਬਦਲੇ ਵਿੱਚ ਤੁਹਾਨੂੰ ਤੰਗ ਕਰੇਗਾ। ਉਹ ਸਾਡੇ ਆਲ਼ੇ ਦੁਆਲ਼ੇ ਨੂੰ ਸੁੰਦਰ ਬਣਾਉਂਦੇ ਹਨ। ਸੋਚੋ ! ਕਿੰਨਾ ਵਧੀਆ ਹੋਵੇਗਾ ਜੇ ਕੋਈ ਪੰਛੀ ਜਾਂ ਜਾਨਵਰ ਤੁਹਾਡਾ ਦੋਸਤ ਬਣ ਜਾਵੇ।

*****